# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ

# ਮਿਤੀ **30.05.2019**

# ਦੀ ਕਾਰਵਾਈ

(ਮਤਾ ਨੰ: **70-79**)

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 30.05.2019 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀ ਦਿਪਰਵਾ ਲਾਕਰਾ, ਆਈ.ਏ.ਐਸ., ਕਮਿਸ਼ਨਰ, ............. ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, ............. ਮੈਂਬਰ
4. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ,<br>ਮੇਅਰ<br>30.5.2019

**ਮਤਾ ਨੰਬਰ:-70**

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 1.3.2019 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 1.3.2019 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

**ਫੈਸਲਾ :**

ਮਾਨਯੋਗ ਮੇਅਰ ਜੀ ਵਲੋਂ ਮੁੜ ਕਮਿਸ਼ਨਰ ਜੀ ਨੂੰ ਹਦਾਇਤ ਕੀਤੀ ਗਈ ਕਿ ਵਿੱਤ ਅਤੇ ਠੇਕਾ ਕਮੇਟੀ ਵਿੱਚ ਸਮੂਹ ਅਧਿਕਾਰੀ ਹਾਜ਼ਰ ਰਿਹਾ ਕਰਨ ।

- ਪਿਛਲੀ ਮੀਟਿੰਗ ਦੀ ਪੁਸ਼ਟੀ ਦੌਰਾਣ ਮਿਤੀ 1.3.2019 ਦੇ ਮਤਾ ਨੰ: 22 ਸਬੰਧੀ ਹੋਏ ਫੈਸਲੇ ਸਬੰਧੀ ਸ੍ਰੀ ਸਤਿੰਦਰ ਕੁਮਾਰ, ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਵਲੋਂ ਦੱਸਿਆ ਗਿਆ ਕਿ ਇਹ ਜ਼ੋਨ ਦਾ ਕੰਮ ਪਹਿਲਾਂ ਸ੍ਰੀ ਬਲਜੀਤ ਸਿੰਘ, ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਪਾਸ ਸੀ ਅਤੇ ਦੋ ਦਿਨ ਪਹਿਲਾਂ ਹੀ ਇਹ ਜ਼ੋਨ ਉਹਨਾਂ ਨੰ ਮਿਲਿਆ ਹੈ । ਲੋੜੀਂਦੀ ਕਾਰਵਾਈ ਕਰਕੇ ਅਗਲੀ ਮੀਟਿੰਗ ਵਿੱਚ ਦੱਸ ਦਿੱਤਾ ਜਾਵੇਗਾ ।
- ਮੱਦ ਨੰ: 33 ਮਿਤੀ 1.3.2019 ਸਬੰਧੀ ਮੇਅਰ ਜੀ ਵਲੋਂ ਦੱਸਿਆ ਗਿਆ ਕਿ ਨਕਸ਼ਾ ਉਹਨਾਂ ਪਾਸ ਆ ਗਿਆ ਸੀ ਪਰ ਉਹ ਦਰੁਸਤ ਨਹੀਂ ਹੈ, ਉਸਨੂੰ ਦਰੁਸਤ ਕਰਕੇ ਭੇਜਿਆ ਜਾਵੇ ।
- ਮੱਦ ਨੰ: 48 ਸਬੰਧੀ ਮੇਅਰ ਜੀ ਵਲੋਂ ਪੁੱਛਿਆ ਗਿਆ ਕਿ ਇਹਨਾਂ ਟਰੈਫਿਕ ਸਿਗਨਲਾਂ ਦੀ ਮੇਨਟੀਨੈਂਸ ਵਿੱਚ ਪਨੈਲਟੀ ਕਲਾਜ਼ ਕੀ ਰੱਖੀ ਗਈ ਸੀ, ਜਿਸ ਤੇ ਸ੍ਰੀ ਸਤਿੰਦਰ ਕੁਮਾਰ, ਕਾ:ਇੰ: ਵਲੋਂ ਦੱਸਿਆ ਗਿਆ ਕਿ ਜੇਕਰ ਕੋਈ ਫਾਲਟ 48 ਘੰਟਿਆਂ ਤੱਕ ਠੀਕ ਨਹੀਂ ਹੁੰਦਾ ਤਾਂ 100/- ਰੁਪਏ ਪ੍ਰਤੀ ਦਿਨ ਪੈਨਲਟੀ ਕਲਾਜ ਹੈ ਪਰ ਮੇਅਰ ਜੀ ਦੇ ਪੁੱਛਣ ਤੇ ਕਿ ਕਿੰਨਾ ਜੁਰਮਾਨਾ ਲਗਾਇਆ ਗਿਆ ਤਾਂ ਕੋਈ ਜਵਾਬ ਨਹੀਂ ਦਿੱਤਾ ਗਿਆ। ਵਿਚਾਰ ਵਟਾਂਦਰੇ ਦੋਰਾਨ ਮਿਤੀ 1.3.2019 ਦੇ ਮਤਾ ਨੰ: 48 ਸਬੰਧੀ ਟੈਂਡਰ ਨੂੰ ਪ੍ਰਵਾਨਗੀ ਦੇ ਦਿੱਤੀ ਗਈ । ਮਾਨਯੋਗ ਕਮਿਸ਼ਨਰ ਜੀ ਵਲੋਂ ਇਸ ਮੱਦ ਸਬੰਧੀ ਹਦਾਇਤ ਕੀਤੀ ਗਈ ਕਿ ਐਸ.ਈ.(ਬੀ ਐਂਡ ਆਰ) ਪਾਸ ਸਿਟੀ ਸਕੇਪ ਪ੍ਰੋਜੈਕਟ ਤਹਿਤ 10 ਕਰੋੜ ਰੁਪਏ ਰਾਖਵੇਂ ਹਨ, ਉਹਨਾਂ ਵਿੱਚੋਂ ਜੇਕਰ ਅਜਿਹੇ ਟਰੈਫਿਕ ਸਿਗਨਲ ਲਗਾਏ ਜਾ ਸਕਦੇ ਹਨ ਅਤੇ ਐਸ.ਈ.(ਲਾਈਟ) ਵਲੋਂ ਇਹ ਦੱਸਿਆ ਜਾਵੇ ਕਿ ਕਿਸ ਕਿਸ ਥਾਂ ਤੇ ਅਜਿਹੇ ਟਰੈਫਿਕ ਸਿਗਨਲ ਚਾਹੀਦੇ ਹਨ, ਬਾਰੇ ਸੀ.ਈ.ਓ. ਸਮਾਰਟ ਸਿਟੀ ਨਾਲ ਵਿਚਾਰ ਵਟਾਂਦਰਾ ਕੀਤਾ ਜਾਵੇ ।ਇਹ ਵੀ ਫੈਸਲਾ ਹੋਇਆ ਕਿ ਸਿਟੀ ਸਕੇਪ ਪ੍ਰੋਜੈਕਟ ਦੀ ਡਿਟੇਲ ਮੇਅਰ ਜੀ ਨੂੰ ਵੀ ਦਿੱਤੀ ਜਾਵੇ ।
- ਮੱਦ ਨੰ: 49 ਮਿਤੀ 1.3.2019 ਸਬੰਧੀ ਮੇਅਰ ਜੀ ਨੇ ਕਲ੍ਹ ਮਿਤੀ 31.5.2019 ਨੂੰ ਇਸ ਮੱਦ ਤਹਿਤ ਗਠਤ ਕੀਤੀ ਗਈ ਕਮੇਟੀ ਦੀ ਮੀਟਿੰਗ ਬੁਲਾਉਣ ਲਈ ਸ੍ਰੀ ਸਤਿੰਦਰ ਕੁਮਾਰ, ਕਾ:ਇੰ: ਨੂੰ ਹਦਾਇਤ ਕੀਤੀ ਗਈ ।
- ਮੱਦ ਨੰ: 55 ਸਬੰਧੀ ਡੀ.ਸੀ.ਐਫ.ਏ. ਵਲੋਂ ਦੱਸਿਆ ਗਿਆ ਕਿ ਜੁਰਮਾਨੇ ਦਾ ਤਖ਼ਮੀਨਾ ਉਹਨਾਂ ਪਾਸ ਆ ਚੁੱਕਾ ਹੈ, ਅਤੇ ਸਬੰਧਤ ਠੇਕੇਦਾਰ ਸ੍ਰੀ ਗੋਰਵ ਗੁਪਤਾ ਦੇ ਬਿਲਾਂ ਵਿੱਚੋਂ ਇਸ ਦੀ ਰਿਕਵਰੀ ਕਰ ਲਈ ਜਾਵੇਗੀ ਅਤੇ ਅਗਲੀ ਮੀਟਿੰਗ ਵਿੱਚ ਦੱਸ ਦਿੱਤਾ ਜਾਵੇਗਾ ।
- ਮੱਦ ਨੰ: 56 ਸਬੰਧੀ ਮੇਅਰ ਜੀ ਵਲੋਂ ਹਦਾਇਤ ਕੀਤੀ ਗਈ ਕਿ ਏ.ਐਚ.ਓ. ਵਲੋਂ ਵਾਟਰ ਸਪਰਿੰਕਲਰਾਂ ਦੀਆਂ ਲਾਗ ਬੁੱਕਾਂ ਅਗਲੀ ਮੀਟਿੰਗ ਵਿੱਚ ਨਿੱਜੀ ਤੌਰ ਤੇ ਪੇਸ਼ ਹੋ ਕੇ ਵਿਖਾਈਆਂ ਜਾਣ ।
- ਮੱਦ ਨੰ: 62 ਟਾਊਨ ਹਾਲ ਦੀ ਉਸਾਰੀ ਸਬੰਧੀ ਜਿਹੜੀ ਕਮੇਟੀ ਬਣਾਈ ਗਈ ਸੀ, ਉਸਦੀ ਮੀਟਿੰਗ ਜਲਦ ਬੁਲਾਈ ਜਾਵੇ ਅਤੇ ਅਗਲੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਇਸ ਬਾਰੇ ਦੱਸਿਆ ਜਾਵੇ ।

ਇਹਨਾਂ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
30.5.2019

**ਮਤਾ ਨੰਬਰ:-71**

ਵਿਸ਼ਾ:- ਨਗਰ ਨਿਗਮ ਦੇ ਸਾਰੇ 80 ਵਾਰਡਾਂ ਵਿੱਚ ਵੱਖ-ਵੱਖ ਥਾਵਾਂ ਤੇ 30 ਵਾਟ ਦੀਆਂ ਨਵੀਆਂ ਐਲ.ਈ.ਡੀ ਸਟਰੀਟ ਲਾਇਟਾਂ ਲਗਾਉਣ ਬਾਰੇ। (ਸੋਧੇ ਹੋਏ ਤਖਮੀਨੇ ਦੀ ਪ੍ਰਵਾਨਗੀ ਬਾਰੇ)

ਤਖਮੀਨਾ ਰੁਪਏ: 46,67,190/-ਟੈਂਡਰ ਅਮਾਉਂਟ ਰੁਪਏ 32,52,564/- ਸੇਵਿੰਗ 30.31%
ਸੋਧਿਆ ਤਖਮੀਨਾ ਰੁਪਏ: 58,24,591/-
ਅਜੰਸੀ ਦਾ ਨਾਮ:- ਏ.ਐਸ.ਐਂਟਰਪ੍ਰਾਇਸਿਜ਼ ਹੁਸ਼ਿਆਰਪੁਰ
ਈ.ਪੀ.ਐਫ ਨੰ: PB/JAL 35666 ESI No. 29000 61175 0001001

ਪੜ੍ਹਿਆ ਦਫ਼ਤਰੀ ਨੋਟ ਕਾਰਜਕਾਰੀ ਇੰਜੀਨੀਅਰ (ਲਾਇਟ) ਕਿ ਨਗਰ ਨਿਗਮ ਹਾਊਸ ਦੀ ਮਿਤੀ 18.10.2018 ਨੂੰ ਹੋਈ, ਮੀਟਿੰਗ ਦੇ ਜੀਰੋ ਆਵਰ ਵਿੱਚ ਡਿਪਟੀ ਮੇਅਰ ਸ੍ਰੀ ਹਰਸਿਮਰਨਜੀਤ ਸਿੰਘ ਬੰਟੀ ਵੱਲੋਂ ਮੇਅਰ ਜੀ ਪਾਸੋ ਮੰਗ ਕੀਤੀ ਗਈ ਕਿ ਦੀਵਾਲੀ ਦੇ ਤਿਉਹਾਰ ਤੇ ਪਰੰਪਰਾ ਰਹੀ ਹੈ ਕਿ ਕੌਂਸਲਰਾਂ ਨੂੰ ਬਤੌਰ ਗਿਫਟ ਸਟਰੀਟ ਲਾਇਟ ਪੁਆਇੰਟਸ ਦਿੱਤੇ ਜਾਂਦੇ ਹਨ ਅਤੇ ਉਹ ਮੰਗ ਕਰਦੇ ਹਨ ਕਿ ਹਰੇਕ ਕੌਂਸਲਰ ਨੂੰ 25-25 ਸਟਰੀਟ ਲਾਇਟ ਪੁਆਇੰਟਸ ਦਿੱਤੇ ਜਾਣ। ਮਾਨਯੋਗ ਮੇਅਰ ਜੀ ਨੇ ਮੰਨਿਆ ਕਿ ਇਹ ਪੁਰਾਣੀ ਪ੍ਰਥਾ ਰਹੀ ਹੈ ਕਿ ਦੀਵਾਲੀ ਵੇਲੇ ਹਰੇਕ ਕੌਂਸਲਰ ਨੂੰ ਬਤੌਰ ਗਿਫਟ ਸਟਰੀਟ ਲਾਇਟ ਪੁਆਇੰਟਸ ਦਿੱਤੇ ਜਾਂਦੇ ਹਨ ਅਤੇ ਇਸ ਲਈ ਉਹਨਾਂ ਕਮਿਸ਼ਨਰ ਜੀ ਨੂੰ ਇਸ ਸਬੰਧੀ ਜੱਲਦ ਕਾਰਵਾਈ ਕਰਨ ਲਈ ਕਿਹਾ। ਉਪਰੋਕਤ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਮੇਅਰ ਜੀ ਦੇ ਹੁਕਮਾਂ ਅਨੁਸਾਰ ਹਰੇਕ ਵਾਰਡ ਵਿੱਚ 30 ਵਾਟ ਦੇ 20-20 ਸਟਰੀਟ ਲਾਇਟ ਦੇ ਐਲ.ਈ.ਡੀ ਪੁਆਇੰਟ ਲਗਾਉਣ ਵਾਸਤੇ ਰੁਪਏ 46,67,190/- ਦਾ ਤਖਮੀਨਾ ਤਿਆਰ ਕੀਤਾ ਗਿਆ ਸੀ, ਜਿਸ ਦੀ ਇਨਐਂਟੀਸਿਪੇਸ਼ਨ ਅਰਪੂਵਲ ਆਫ ਹਾਊਸ ਪ੍ਰਵਾਨਗੀ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 01.11.18 ਰਾਹੀਂ ਦਿੱਤੀ।

ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮਿਤੀ 16.11.18 ਲਈ ਟੈਂਡਰ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹਨਾ ਵਿੱਚੋ ਘੱਟ ਰੇਟਾਂ ਦਾ ਟੈਂਡਰ ਮੈਸਰਜ਼ ਏ.ਐਸ.ਐਂਟਰਪ੍ਰਾਇਸਿਜ਼ ਹੁਸ਼ਿਆਰਪੁਰ ਦਾ ਵਿੱਤ ਅਤੇ ਠੇਕਾ ਕਮੇਟੀ ਨੇ ਅਪਣੇ ਮਤਾ ਨੰ: 218 ਮਿਤੀ 14.12.18 ਰਾਹੀਂ ਪ੍ਰਵਾਨ ਕੀਤਾ। ਇਕਰਾਰਨਾਮਾ ਕਰਨ ਉਪਰੰਤ ਅਜੰਸੀ ਨੂੰ ਵਰਕ ਆਰਡਰ ਨੰ: ਸੀ.ਈ/ਈ.ਟੀ/62 ਮਿਤੀ 01.02.19 ਜਾਰੀ ਕੀਤਾ ਗਿਆ ਅਤੇ ਕੰਮ ਮੁਕੰਮਲ ਕਰਨ ਲਈ 6 ਮਹੀਨੇ ਦਾ ਸਮਾ ਦਿੱਤਾ ਗਿਆ।

ਕੰਮ ਦੇ ਦੌਰਾਨ ਇਹ ਨੋਟਿਸ ਵਿੱਚ ਆਇਆ ਹੈ ਕਿ ਅਸਲ ਤਖਮੀਨੇ ਵਿੱਚ 1700 ਐਲ.ਈ.ਡੀ ਲਾਇਟਾਂ ਲਈਆਂ ਗਈਆਂ ਸਨ, ਪਰੰਤੂ ਉਹਨਾ ਲਈ ਬਰੈਕਟਾਂ ਅਤੇ ਕਲੈਂਪ ਸਿਰਫ 250 ਲਾਇਟਾਂ ਦੇ ਹੀ ਲਏ ਗਏ ਹਨ ਅਤੇ ਤਾਰ ਵੀ ਸਿਰਫ 7000 ਮੀਟਰ ਲਈ ਗਈ ਸੀ, ਜ਼ੋ ਕਿ ਬਹੁਤ ਘੱਟ ਹੈ। ਇਸ ਕੰਮ ਨੂੰ ਸਹੀ ਤਰੀਕੇ ਨਾਲ ਸਿਰੇ ਚਾੜ੍ਹਨ ਲਈ ਇਸ ਕੰਮ ਦਾ ਸੋਧਿਆ ਤਖਮੀਨਾ ਰੁਪਏ 58,24,591/- ਦਾ ਤਿਆਰ ਕੀਤਾ ਗਿਆ ਹੈ, ਜਿਸ ਵਿੱਚ 1700 ਬਰੈਕਟ, 3400 ਕਲੈਂਪ ਅਤੇ 20400 ਮੀਟਰ ਤਾਰ ਲਈ ਗਈ ਹੈ। ਇਹ ਸੋਧਿਆ ਹੋਇਆ ਤਖਮੀਨਾ ਅਸਲ ਤਖਮੀਨੇ ਤੋਂ 25% ਦੇ ਵਾਧੇ ਵਿੱਚ ਹੈ, ਜਿਸ ਦੀ ਪ੍ਰਵਾਨਗੀ ਦਾ ਅਧਿਕਾਰ ਵਿੱਤ ਅਤੇ ਠੇਕਾ ਕਮੇਟੀ ਕੋਲ ਹੈ। ਉਪਰੋਕਤ ਨੂੰ ਮੁੱਖ ਰੱਖਦੇ ਹੋਏ ਕੰਮ ਨੂੰ ਸਹੀ ਤਰ੍ਹਾਂ ਨੇਪਰੇ ਚਾੜਨ ਲਈ ਸੋਧੇ ਹੋਏ ਤਖਮੀਨੇ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਇਹ ਵਾਧਾ ਟੈਂਡਰ ਵਿੱਚ ਪ੍ਰਾਪਤ ਸੇਵਿੰਗ ਦੇ ਅੰਦਰ-ਅੰਦਰ ਹੀ ਹੈ ਅਤੇ ਇਸ ਵਾਧੇ ਦੀ ਪ੍ਰਵਾਨਗੀ ਦੀ ਸਿਫਾਰਿਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ ਨੇ ਅਪਣੇ ਨੋਟ ਮਿਤੀ 08.03.19 ਰਾਹੀਂ ਲਿਖਿਆ ਹੈ ਕਿ ਇਹ ਇਕ ਜਰੂਰੀ ਕੰਮ ਹੈ, ਇਸ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਐਂਟੀਸਿਪੇਸ਼ਨ ਅਪਰੂਵਲ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 24.03.19 ਨੂੰ ਉਪਰੋਕਤ ਨਾਲ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 24.03.19 ਰਾਹੀਂ ਉਪਰੋਕਤ ਸਿਫਾਰਿਸ਼ ਨੂੰ ਮੁੱਖ ਰੱਖਦੇ ਹੋਏ ਸੋਧਿਆ ਹੋਇਆ ਤਖਮੀਨਾ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਹੈ।

ਤਜਵੀਜ਼ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:
ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
30.5.2019

**ਮਤਾ ਨੰਬਰ:-72**

ਵਿਸ਼ਾਂ:- ਸਾਲ 2018-2019 ਵਾਸਤੇ ਟਾਂਗਾਂ /ਰਿਕਸ਼ਾ ਸ਼ਾਖਾ ਲਈ ਨਵੀਆਂ ਨੰਬਰਿੰਗ ਪਾਸਿੰਗ ਪਲੇਟਾਂ ਦੀ ਖਰੀਦ ਕਰਨ ਸਬੰਧੀ। ਟੈਂਡਰ ਪ੍ਰਵਾਨਗੀ ਹਿੱਤ

ਤਖਮੀਨਾਂ ਰੁਪਏ: 73,000/- ਟੈਂਡਰ ਅਮਾਊਂਟ ਰੁਪਏ: 69,189.40/- ਸੇਵਿੰਗ 5.22% ਘੱਟ
ਅਜੰਸੀ : M/s Hari Const. Co. Jal

ਪੜ੍ਹਿਆ ਦਫਤਰੀ ਨੋਟ ਸਟੋਰ ਸ਼ਾਖਾ ਜਿਸ ਨਾਲ ਸੁਪਰਡੰਟ ਨੇ ਮਿਤੀ 1.2.2019 ਰਾਹੀਂ ਸ਼ਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸੇ ਤੇ ਕੰਮ ਕਰਾਉਣ ਲਈ ਤਖਮੀਨਾਂ ਰੁਪਏ 73,000/- ਦਾ ਤਹਿਬਜਾਰੀ ਸ਼ਾਖਾ ਵੱਲੋ ਤਿਆਰ ਕੀਤਾ ਗਿਆ ਸੀ। ਜਿਸ ਦੀ ਪ੍ਰਵਾਨਗੀ ਮਾਨਯੋਗ ਹਾਊਸ ਦੇ ਮਤਾ ਨੰ: 67 ਮਿਤੀ 25-06-2018 ਰਾਹੀਂ ਪ੍ਰਵਾਨ ਕੀਤਾ ਗਿਆ।ਇਸ ਕੰਮ ਦੇ ਟੈਂਡਰ ਮਿਤੀ 20-11-2018, ਮਿਤੀ 29-12-2018 ਈ-ਟੈਂਡਰਿੰਗ ਅਤੇ ਅਖਬਾਰਾਂ ਰਾਹੀਂ ਮੰਗੇ ਗਏ ਅਤੇ 3 ਟ੍ਰੈਂਡਰ ਪ੍ਰਾਪਤ ਹੋਏ। ਜਿਸ ਦਾ ਵੇਰਵਾ ਹੇਠ ਅਨੁਸਾਰ ਹੈ:-

| ਲੜੀ ਨੰ: | ਠੇਕੇਦਾਰ ਦਾ ਨਾਂ | ਤਖਮੀਨਾ ਰੁਪਏ | % ਘੱਟ ਜਾ ਵੱਧ | ਰਕਮ |
|---|---|---|---|---|
| 1 | M/s Hari Const.Co.,Jal | 73,000/- | 5.22% Less | 69,189/- |
| 2 | Gupta Elect. Store, Jal | 73,000/- | 2.00% Less | 71,540/- |
| 3 | Inderpal Singh Govt. Contractor | 73,000/- | 1.50% Less | 71,905/- |

ਤੁਲਨਾਤਮਕ ਸੂਚੀ ਤਿਆਰ ਕਰਨ ਉਪਰੰਤ ਉਕਤ Hari Const. Co. Jal ਦਾ ਟੈਂਡਰ ਰੇਟ ਘੱਟ ਪਾਇਆ ਗਿਆ, ਜ਼ੋ ਕਿ ਰੂਪਏ 69,189/- ਵਿੱਚ ਕੰਮ ਕਰਨ ਨੂੰ ਤਿਆਰ ਹੈ। ਇਹ ਘੱਟ ਅਤੇ ਵਾਜਬ ਹੈ। ਉਕਤ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਦੀ ਹੈ। ਸੰਯੁਕਤ ਕਮਿਸ਼ਨਰ ਨੇ ਮਿਤੀ 4.2.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।
ਮਾਨਯੋਗ ਕਮਿਸ਼ਨਰ ਜੀ ਦੇ ਹੁਕਮ ਮਿਤੀ : 12.02.2019 ਰਾਹੀ ਕੁਝ ਜਾਣਕਾਰੀ ਮੰਗੀ ਹੈ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

ਸਾਲ:- 2016-17 ਵਿੱਚ ਨਗਰ ਨਿਗਮ ਵੱਲੋ ਖਰੀਦਿਆਂ ਗਈਆਂ ਕੁੱਲ ਨੰਬਰਿੰਗ ਪਲੇਟਾ = 4100

1) ਰਿਕਸ਼ਾ :- 2100
2) ਸਮਾਨ ਵੇਚਣ ਵਾਲੀ ਰਹੇੜੀ :- 1100
3) ਭਾਰ ਵਾਲਾ ਰੇਹੜਾ :- 900

ਕੁੱਲ : 4100

ਨਿਗਮ ਵੱਲੋ ਜਾਰੀ ਕੀਤੀਆਂ ਗਈਆਂ ਪਲੇਟਾ = 4100
ਬਕਾਇਆ = ਨਿੱਲ
ਨਿਗਮ ਨੂੰ ਪ੍ਰਾਪਤ ਹੋਈ ਆਮਦਨ = 573672 ਰੁ:

ਸਾਲ:- 2017-18 ਵਿੱਚ ਨਗਰ ਨਿਗਮ ਵੱਲੋ ਖਰੀਦਿਆਂ ਗਈਆਂ ਕੁੱਲ ਨੰਬਰਿੰਗ ਪਲੇਟਾ = 10020

1) ਰਿਕਸ਼ਾ :- 2900
2) ਸਮਾਨ ਵੇਚਣ ਵਾਲੀ ਰੇਹੜੀ :- 1250
3) ਭਾਰ ਵਾਲਾ ਰੇਹੜਾ :- 1200

ਕੁੱਲ : 5350

ਨਿਗਮ ਵੱਲੋ ਜਾਰੀ ਕੀਤੀਆਂ ਗਈਆਂ ਪਲੇਟਾ = 5350
ਬਕਾਇਆ = 4670
ਨਿਗਮ ਨੂੰ ਪ੍ਰਾਪਤ ਹੋਈ ਆਮਦਨ ਰੁਪਏ= 7,01,000/-

ਇਸ ਨਾਲ ਸੰਯੁਕਤ ਕਮਿਸ਼ਨਰ (ਏ) ਨੇ ਮਿਤੀ 11.3.2019 ਅਤੇ ਕਮਿਸ਼ਨਰ ਜੀ ਨੇ ਮਿਤੀ 27.3.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।
ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 29.3.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ ਜੀ ।

ਫੈਸਲਾ:
ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
30.5.2019

ਮਤਾ ਨੰਬਰ:-73

ਵਿਸ਼ਾ:- Operation & Management of Corporation Facilitation Centre (CFC) in Zonal Offices and Suvidha Centre of Municipal Corporation Jalandhar ਕਰਨ ਬਾਰੇ।

ਪੜਿਆ ਨੋਟ ਵਲੋਂ ਸਿਸਟਮ ਮੈਨੇਜਰ ਮਿਤੀ: 8.4.2019 ਕਿ ਵਿਸ਼ੇ ਅਧੀਨ ਕੰਮ ਦੇ ਸਬੰਧ ਵਿੱਚ ਰਿਪੋਰਟ ਕੀਤੀ ਹੈ ਕਿ ਨਗਰ ਨਿਗਮ ਜਲੰਧਰ ਵੱਲੋ 6 ਜੋਨਾਂ ਜਿਵੇਂ ਕਿ ਮਾਡਲ ਟਾਉਨ, ਦਾਦਾ ਕਲੋਨੀ, ਬਸਤੀ ਸ਼ੇਖ, ਲਾਲ ਰਤਨ, ਗੜ੍ਹਾਂ ਜ਼ੋਨ ਅਤੇ ਨਗਰ ਨਿਗਮ ਦੇ ਸੁਵਿਧਾ ਸੈਂਟਰ ਵਿੱਚ Operation & Management of Corporation Facilitation Centre ਦਾ ਕੰਮ ਚੱਲ ਰਿਹਾ ਹੈ। ਇਨ੍ਹਾਂ ਸੀ.ਐਫ.ਸੀ ਬਣਨ ਨਾਲ ਪ੍ਰਾਪਰਟੀ ਟੈਕਸ ਵਿਭਾਗ ਅਤੇ ਵਾਟਰ ਰੇਟ ਸ਼ਾਖਾ ਦੇ ਡਾਟਾਬੇਸ ਨੂੰ ਆਨ-ਲਾਈਨ ਅਤੇ ਕੰਮਪਿਉਟਰਾਇਜਡ ਕੀਤਾ ਗਿਆ ਅਤੇ ਇਹਨਾਂ ਵਿਭਾਗਾਂ ਦੀ ਆਮਦਨ ਵਿੱਚ ਵਾਧਾ ਕਰਨ ਦਾ ਯੋਗਦਾਨ ਪਾਇਆ ਗਿਆ ਹੈ।

ਉਕਤ 6 ਜੋਨਾਂ ਤੋਂ ਇਲਾਵਾ ਰਾਮਾ ਮੰਡੀ ਸਬ ਜੋਨ ਦਫਤਰ ਅਤੇ ਪਰਤਾਪ ਬਾਗ ਜੋਨ ਦਫਤਰ ਵਿੱਚ ਵੀ ਸੀ.ਐਫ.ਸੀ ਸੈਂਟਰ ਖੋਲਣ ਦੀ ਤਜਵੀਜ ਹੈ ਤਾਂ ਜੋ ਉਥੋ ਦੇ ਵਸਨਿਕਾਂ ਨੂੰ ਵੀ ਇਹ ਸਹੂਲਤ ਮਿਲ ਸਕੇ ਇਸ ਨਾਲ ਟੈਕਸ ਕੁਲੈਕਸ਼ਨ ਵਿੱਚ ਵੀ ਵਾਧਾ ਹੋਵੇਗਾ।ਇਸ ਤੋਂ ਇਲਾਵਾ ਇੱਕ DNIT/BOQ ਤਿਆਰ ਕੀਤਾ ਗਿਆ, ਇਸ ਕੰਮ ਤੇ ਸਾਲਾਨਾ ਲਗਭਗ 47.75 ਲੱਖ ਰੁਪਏ ਖਰਚਾ ਆਵੇਗਾ। ਕਾਰਜਕਾਰੀ ਇੰਜੀਨੀਅਰ ਨੇ ਮਿਤੀ: 02.01.2019 ਰਾਹੀਂ ਲਿਖਿਆ ਹੈ ਕਿ ਕਿਉ ਜੋ ਇਸ ਦਾ ਟੈਂਡਰ 28.02.2019 ਨੂੰ ਖਤਮ ਹੋ ਰਿਹਾ ਹੈ ਇਹ ਇੱਕ ਅਰਜੰਟ ਨੈਚਰ ਕੰਮ ਹੈ। ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 4.01.2019 ਰਾਹੀਂ ਉਕਤ ਸਬੰਧੀ ਕੰਮ ਵਿਚਾਰਨ ਉਪਰੰਤ ਇਸ ਕੇਸ ਨੂੰ ਨਗਰ ਨਿਗਮ ਦੇ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਸੀ।

ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ: 9-1-2019 ਰਾਹੀ ਸੰਯੁਕਤ ਕਮਿਸ਼ਨਰ ਜੀ ਦੀ ਪ੍ਰਧਾਨਗੀ ਹੇਠ ਚਾਰ ਮੈਂਬਰੀ ਸਬ-ਕਮੇਟੀ ਗਠਿਤ ਕੀਤੀ ਗਈ। ਇਸ ਕੰਮ ਦੇ ਈ- ਟੈਂਡਰ ਮਿਤੀ: 15-2-2019 ਲਈ ਮੰਗੇ ਗਏ ਸੀ।ਮਿਤੀ: 15-02-2019 ਨੂੰ ਤਿੰਨ ਕੰਪਨੀਆਂ/ਫਰਮਾਂ ਵੱਲੋ ਟੈਂਡਰ ਪ੍ਰਾਪਤ ਹੋਏ। ਟੈਕਨੀਕਲ ਬਿਡਜ ਨੂੰ ਕਮਿਸ਼ਨਰ ਜੀ ਵੱਲੋ ਗਠਿਤ ਕੀਤੀ ਗਈ ਕਮੇਟੀ ਵੱਲੋ ਘੋਖਿਆ ਜਾਣਾ ਸੀ, ਕਮੇਟੀ ਨੇ ਆਰ.ਐਫ.ਪੀ. ਵਿੱਚ ਦਰਸਾਏ ਗਏ Technical eligible criteria ਦੇ ਹਿਸਾਬ ਨਾਲ ਮਿਤੀ: 20-02-2019 ਨੂੰ ਟੈਕਨੀਕਲ ਬਿਡਜ ਨੂੰ ਘੋਖਣ ਅਤੇ ਛਾਣ-ਬੀਨ ਕਰਨ ਅਤੇ ਨੰਬਰ ਦੇਣ ਤੋਂ ਬਾਅਦ ਤਿੰਨਾਂ ਕੰਪਨੀਆਂ/ਫਰਮਾਂ ਨੂੰ ਯੋਗ ਪਾਇਆ।ਸਬ-ਕਮੇਟੀ ਦੀ ਰਿਪੋਰਟ ਅਨੁਸਾਰ ਸੰਯੁਕਤ ਕਮਿਸ਼ਨਰ ਜੀ ਨੇ ਮਿਤੀ: 20-02-2019 ਰਾਹੀ ਉਕਤ ਕੰਪਨੀਆਂ/ਫਰਮਾਂ ਦੀਆਂ ਵਿੱਤੀ ਬਿਡਜ ਨੂੰ ਖੋਲਣ ਦੀ ਪ੍ਰਵਾਨਗੀ ਦਿੱਤੀ।ਤੁਲਨਾਤਮਕ ਸੂਚੀ ਬਣਾਉਣ ਤੇ M/s Icon Software Technologies ਦੇ ਉਕਤ ਕੰਮ ਕਰਵਾਉਣ ਦੇ ਰੇਟ ਘੱਟ ਪਾਏ ਗਏ ਹਨ।

ਉਕਤ ਕੰਪਨੀ ਤੋਂ ਕੰਮ ਕਰਵਾਉਣ ਦੀ ਮੰਜੂਰੀ ਲਈ ਇਸ ਕੇਸ ਨੂੰ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 61 ਮਿਤੀ: 01.03.2019 ਦੀ ਮੀਟਿੰਗ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਗਈ ਸੀ।ਕਮੇਟੀ ਨੇ ਵਿਚਾਰਣ ਉਪਰੰਤ ਫੈਸਲਾ ਹੋਇਆ ਕਿ "ਹਾਲ ਦੀ ਘੜੀ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ। ਇਹ ਵੀ ਫੈਸਲਾ ਹੋਇਆ ਕਿ ਜਦ ਤੱਕ ਇਹ ਟੈਂਡਰ ਪ੍ਰਵਾਨ ਨਹੀਂ ਹੁੰਦਾ ਤੱਦ ਤੱਕ ਪੁਰਾਣੇ ਅਲਾਟ ਚਲ ਰਹੇ ਕੰਮ ਦੇ ਤਖ਼ਮੀਨੇ ਨੂੰ 25% ਵਧਾ ਕੇ ਤਿੰਨ ਮਹੀਨੇ ਹੋਰ ਕੰਮ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਅਤੇ ਜੇਕਰ ਤਿੰਨ ਮਹੀਨਿਆਂ ਤੋਂ ਪਹਿਲਾਂ ਨਵਾਂ ਟੈਂਡਰ ਪ੍ਰਵਾਨ ਹੋ ਜਾਂਦਾ ਹੈ ਤਾਂ ਉਸ ਅਨੁਸਾਰ ਹੀ ਪੁਰਾਣਾ ਕੰਮ ਖ਼ਤਮ ਕਰ ਦਿੱਤਾ ਜਾਵੇਗਾ।

ਵਿੱਤ ਅਤੇ ਠੇਕਾ ਕਮੇਟੀ ਦੇ ਫੈਸਲੇ ਅਨੁਸਾਰ ਕੰਪਨੀ ਨੂੰ ਪਿਛਲੇ ਕੰਮ ਦੀ ਲਗਾਤਾਰਤਾ ਵਿੱਚ ਉਸਦੇ ਠੇਕੇ ਦੇ ਸਮੇਂ ਵਿੱਚ ਤਿੰਨ ਮਹਿਨੇ ਦਾ ਵਾਧਾ ਕੀਤਾ ਗਿਆ। ਇਹਨਾਂ ਸੀ.ਐਫ.ਸੀ ਸੈਂਟਰਾਂ ਵਿੱਚ ਪਿਛਲੇ ਤਿੰਨ ਮਹਿਨੇ ਤੋ (ਮਿਤੀ: 01.01.2019 ਤੋਂ 31.03.2019 ਤੱਕ)

- ਲੱਗਭਗ 91876 ਲੋਕਾਂ ਨੇ ਬਿੱਲ/ਟੈਕਸ ਦੇਣ ਲਈ ਆਏ ਨਗਰ ਨਿਗਮ ਜਲੰਧਰ ਨੂੰ ਕੁੱਲ ਰੁਪਏ: 9.36 ਕਰੋੜ ਇਹਨਾਂ ਸੈਂਟਰਾਂ ਰਾਹੀਂ ਇਕੱਠਾ ਕਰ ਕੇ ਦਿੱਤਾ ਗਿਆ।
- ਵਿੱਤੀ ਸਾਲ 2018-2019 ਨੂੰ ਪ੍ਰਾਪਰਟੀ ਟੈਕਸ ਅਤੇ ਵਾਟਰ ਰੇਟ ਸ਼ਾਖਾ ਦੀ ਆਫ-ਲਾਈਨ ਐਂਟਰੀ (ਜੀ-8 ਰਾਹੀਂ) ਅਤੇ ਆਨ-ਲਾਈਨ ਐਂਟਰੀ ਜ਼ੋ ਕਿ ਲੱਗਭਗ 181662 ਦਾ ਅੰਦਰਾਜ ਕੀਤਾ ਗਿਆ ਜਿਸ ਤੋਂ ਨਗਰ ਨਿਗਮ ਜਲੰਧਰ ਨੂੰ ਲੱਗਭਗ 49.60 ਕਰੋੜ ਰੁਪਏ ਪ੍ਰਾਪਤ ਹੋਏ।

ਇਥੇ ਇਹ ਵੀ ਦੱਸਣਯੋਗ ਹੈ ਕਿ ਪਿਛਲੇ ਵਿੱਤੀ ਸਾਲ 2017-18 ਦੇ ਮੁਕਾਬਲੇ ਵਿੱਤੀ ਸਾਲ 2018-19 ਵਿੱਚ ਇਹਨ੍ਹਾਂ ਸੀ.ਐਫ.ਸੀ ਸੈਂਟਰਾਂ ਦੀ ਬਦੋਲਤ ਕੰਮਪਿਉਟਰਾਇਜਡ ਹੋਣ ਨਾਲ ਪ੍ਰਾਪਰਟੀ ਟੈਕਸ ਅਤੇ ਵਾਟਰ/ਸੀਵਰੇਜ ਯੂਜਰ ਚਾਰਜਿਸ ਦੀ ਆਮਦਨ ਵਿੱਚ 20% ਵਾਧਾ ਹੋਇਆ ਹੈ।

ਇਥੇ ਇਹ ਵੀ ਜਿਕਰਯੋਗ ਹੈ ਕਿ ਸੀ.ਐਫ.ਸੀ ਚਲਾਉਣ ਦਾ ਠੇਕਾ ਮਿਤੀ: 31.05.2019 ਨੂੰ ਖਤਮ ਹੋ ਰਿਹਾ ਹੈ।ਇਸ ਲਈ ਨਵਾਂ ਆਇਆ ਟੈਂਡਰ ਨੂੰ ਪ੍ਰਵਾਨ ਕਰਨ ਲਈ ਵਿਚਾਰ ਕਰ ਲਿਤਾ ਜਾਵੇ ਤਾਂ ਜ਼ੋ ਨਗਰ ਨਿਗਮ ਜਲੰਧਰ ਨੂੰ ਕੋਈ ਵਿੱਤੀ ਨੁਕਸਾਨ ਨਾ ਹੋਵੇ ਅਤੇ ਆਮ ਪਬਲਿਕ ਨੂੰ ਆਪਣੇ ਟੈਕਸ/ਯੂਜਰ ਚਾਰਜਿਸ ਜਮ੍ਹਾਂ ਕਰਵਾਉਣ ਵਿੱਚ ਪਰੇਸ਼ਾਨੀ ਨਾ ਆ ਸਕੇ ਜੀ।

ਸੰਯੁਕਤ ਕਮਿਸ਼ਨਰ ਮਿਤੀ: 8.4.2019 ਰਾਹੀਂ ਇਹ ਮਾਮਲਾ ਨਗਰ ਨਿਗਮ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਦੁਬਾਰਾ ਵਿਚਾਰਣ ਅਤੇ ਫੈਸਲੇ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਹੈ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 8.4.2019 ਰਾਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 30.4.2019 ਰਾਹੀਂ ਇਸ ਕੇਸ ਨੂੰ ਨਗਰ ਨਿਗਮ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਮੰਨਜੂਰੀ ਦਿੱਤੀ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
30.5.2019

**ਮਤਾ ਨੰਬਰ:-74**

ਵਿਸ਼ਾ:- ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮੱਦਦ ਨਾਲ ਸਬਜੀ ਮੰਡੀ ਡਿਸਪੋਜਲ ਤੋ ਮਕਸੁਦਾਂ ਚੌਕ ਤੱਕ ਮੇਨ ਸੀਵਰ ਦੀ ਡੀ-ਸਿਲਟਿੰਗ ਕਰਵਾਉਣ ਬਾਰੇ।

ਤਖਮੀਨਾ ਰੁਪਏ 20.00 ਲੱਖ

ਸਬਜੀ ਮੰਡੀ ਡਿਸਪੋਜਲ ਤੋ ਮਕਸੁੰਦਾ ਚੌਕ ਤੱਕ 24"X36" ਸੀਵਰ ਦੀ ਡੀ-ਸਿਲਟਿੰਗ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸੀਵਰ ਦੀ ਸਫਾਈ ਕਰਵਾਉਣ ਸਬੰਧੀ ਤਖਮੀਨਾ ਰੁਪਏ 20.00 ਲੱਖ ਦੀ ਪ੍ਰਵਾਨਗੀ ਨਗਰ ਨਿਗਮ ਹਾਉਸ ਨੇ ਅਪਣੇ ਮਤਾ ਨੰ: 179(65) ਮਿਤੀ 05.12.16 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਨੇ ਅਪਣੇ ਪੱਤਰ ਨੰ: 31941 ਮਿਤੀ 13.06.18 ਰਾਹੀਂ ਦੇ ਦਿੱਤੀ ਹੈ।

ਸੀਵਰੇਜ਼ ਬੋਰਡ ਨੇ ਅਪਣੇ ਪਿਠਅੰਕਨ ਨੰ: 3351 ਮਿਤੀ 17.10.17 ਰਾਹੀਂ ਨਗਰ ਨਿਗਮ ਜਲੰਧਰ ਨੂੰ ਸੂਚਿਤ ਕੀਤਾ ਹੈ ਕਿ ਸਥਾਨਕ ਸਰਕਾਰ ਦੀ ਪੱਧਰ ਤੇ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਨਾਲ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸ਼ਹਿਰ ਦੇ ਵੱਖ-ਵੱਖ ਸੀਵਰਾਂ ਦੀ ਡੀ-ਸਿਲਟਿੰਗ ਕਰਵਾਉਣ ਲਈ ਰੇਟ ਕੰਟਰੈਕਟ ਕੀਤਾ ਗਿਆ ਹੈ ।ਇਸ ਪੱਤਰ ਦੇ ਲੜੀ ਨੰ: 10 ਤੇ ਸਪਸ਼ਟ ਕੀਤਾ ਗਿਆ ਹੈ (You will be given first preference at the time of award of the job till you show inability after your capacity is exhausted)

ਸਥਾਨਕ ਸਰਕਾਰ ਦੇ ਰੇਟ ਕੰਟਰੈਕਟ ਅਨੁਸਾਰ ਇਸ ਕੰਮ ਦਾ ਸੋਧਿਆ ਤਖਮੀਨਾ ਰੁਪਏ 15,88,650/- ਦਾ ਤਿਆਰ ਕੀਤਾ ਗਿਆ ਹੈ। ਸਥਾਨਕ ਸਰਕਾਰ ਵੱਲੋਂ ਪ੍ਰਵਾਨਿਤ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਤੋ ਕਰਵਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਲੋੜੀਂਦੀ ਹੈ। ਪ੍ਰਵਾਨਗੀ ਉਪਰੰਤ ਸਥਾਨਕ ਸਰਕਾਰ ਵਲੋਂ ਪ੍ਰਵਾਨਿਤ ਰੇਟ ਕੰਟਰੈਕਟ ਦੇ ਰੇਟਾਂ ਅਤੇ ਟਰਮਜ਼ ਕੰਡੀਸ਼ਨਜ਼ ਅਨੁਸਾਰ ਵਰਕ ਆਰਡਰ ਜਾਰੀ ਕੀਤਾ ਜਾਵੇਗਾ। ਕਾਰਜਕਾਰੀ ਇੰਜੀਨਿਅਰ ਨੇ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਹੈ ।ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਅਪਣੇ ਨੋਟ ਮਿਤੀ 28/5/2019 ਰਾਂਹੀ ਤਜ਼ਵੀਜ਼ ਪ੍ਰਵਾਨ ਕਰਨ ਲਈ ਕੇਸ ਵਿੱਤ ਤੇ ਠੇਕਾ ਕਮੇਟੀ ਵਿਚ ਰੱਖਣ ਦੀ ਸਿਫ਼ਾਰਸ ਕੀਤੀ ਹੈ।ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 29/5/2019 ਰਾਂਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 29.5.2019 ਅਨੁਸਾਰ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
30.5.2019

**ਮਤਾ ਨੰਬਰ:-75**
ਵਿਸ਼ਾ:- ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮੱਦਦ ਨਾਲ ਇੰਡਸਟ੍ਰਿਅਲ ਏਰੀਆ ਡਿਸਪੋਜਲ ਤੋ ਕੇਨਰਾ ਬੈਂਕ ਤੱਕ ਮੇਨ ਸੀਵਰ ਦੀ ਡੀ-ਸਿਲਟਿੰਗ ਕਰਵਾਉਣ ਬਾਰੇ।

ਤਖਮੀਨਾ ਰੁਪਏ 20.00 ਲੱਖ

ਇੰਡਸਟ੍ਰਿਅਲ ਏਰੀਆ ਡਿਸਪੋਜਲ ਤੋ ਕੇਨਰਾ ਬੈਂਕ ਤੱਕ 24"X36" ਸੀਵਰ ਦੀ ਡੀ-ਸਿਲਟਿੰਗ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸੀਵਰ ਦੀ ਸਫਾਈ ਕਰਵਾਉਣ ਸਬੰਧੀ ਤਖਮੀਨਾ ਰੁਪਏ 20.00 ਲੱਖ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 179(69) ਮਿਤੀ 05.12.16 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਨੇ ਅਪਣੇ ਪੱਤਰ ਨੰ: 31941 ਮਿਤੀ 13.06.18 ਰਾਹੀਂ ਦੇ ਦਿੱਤੀ ਹੈ।

ਸੀਵਰੇਜ਼ ਬੋਰਡ ਨੇ ਅਪਣੇ ਪਿਠਅੰਕਨ ਨੰ: 3351 ਮਿਤੀ 17.10.17 ਰਾਹੀਂ ਨਗਰ ਨਿਗਮ ਜਲੰਧਰ ਨੂੰ ਸੂਚਿਤ ਕੀਤਾ ਹੈ ਕਿ ਸਥਾਨਕ ਸਰਕਾਰ ਦੀ ਪੱਧਰ ਤੇ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਨਾਲ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸ਼ਹਿਰ ਦੇ ਵੱਖ-ਵੱਖ ਸੀਵਰਾਂ ਦੀ ਡੀ-ਸਿਲਟਿੰਗ ਕਰਵਾਉਣ ਲਈ ਰੇਟ ਕੰਟਰੈਕਟ ਕੀਤਾ ਗਿਆ ਹੈ ।ਇਸ ਪੱਤਰ ਦੇ ਲੜੀ ਨੰ: 10 ਤੇ ਸਪਸ਼ਟ ਕੀਤਾ ਗਿਆ ਹੈ (You will be given first preference at the time of award of the job till you show inability after your capacity is exhausted)

ਸਥਾਨਕ ਸਰਕਾਰ ਦੇ ਰੇਟ ਕੰਟਰੈਕਟ ਅਨੁਸਾਰ ਇਸ ਕੰਮ ਦਾ ਸੋਧਿਆ ਤਖਮੀਨਾ ਰੁਪਏ 15,88,650/- ਦਾ ਤਿਆਰ ਕੀਤਾ ਗਿਆ ਹੈ। ਸਥਾਨਕ ਸਰਕਾਰ ਵੱਲੋਂ ਪ੍ਰਵਾਨਿਤ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਤੋਂ ਕਰਵਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਲੋੜੀਂਦੀ ਹੈ। ਪ੍ਰਵਾਨਗੀ ਉਪਰੰਤ ਸਥਾਨਕ ਸਰਕਾਰ ਵਲੋਂ ਪ੍ਰਵਾਨਿਤ ਰੇਟ ਕੰਟਰੈਕਟ ਦੇ ਰੇਟਾਂ ਅਤੇ ਟਰਮਜ਼ ਕੰਡੀਸ਼ਨਜ਼ ਅਨੁਸਾਰ ਵਰਕ ਆਰਡਰ ਜਾਰੀ ਕੀਤਾ ਜਾਵੇਗਾ। ਕਾਰਜਕਾਰੀ ਇੰਜੀਨਿਅਰ ਨੇ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸਿਫ਼ਾਰਸ਼ ਕੀਤੀ ਹੈ ।ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਅਪਣੇ ਨੋਟ ਮਿਤੀ 28/5/2019 ਰਾਂਹੀ ਤਜ਼ਵੀਜ਼ ਪ੍ਰਵਾਨ ਕਰਨ ਲਈ ਕੇਸ ਵਿੱਤ ਤੇ ਠੇਕਾ ਕਮੇਟੀ ਵਿਚ ਰੱਖ਼ਣ ਦੀ ਸਿਫ਼ਾਰਸ ਕੀਤੀ ਹੈ।ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 29/5/2019 ਰਾਂਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 29.5.2019 ਅਨੁਸਾਰ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
30.5.2019

ਮਤਾ ਨੰਬਰ:-76

ਵਿਸ਼ਾ:- ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮੱਦਦ ਨਾਲ ਗੁਰੂ ਅਮਰ ਦਾਸ ਕਲੋਨੀ ਡਿਸਪੋਜਲ ਤੋ ਸਲੀਮਪੁਰ ਮੁਸਲਮਾਂ ਤੱਕ ਮੇਨ ਸੀਵਰ ਦੀ ਡੀ-ਸਿਲਟਿੰਗ ਕਰਵਾਉਣ ਬਾਰੇ।

ਤਖਮੀਨਾ ਰੁਪਏ 24.00 ਲੱਖ

ਗੁਰੂ ਅਮਰ ਦਾਸ ਕਲੋਨੀ ਡਿਸਪੋਜਲ ਤੋ ਸਲੀਮਪੁਰ ਮੁਸਲਮਾਂ ਤੱਕ 24"X36" ਸੀਵਰ ਦੀ ਡੀ-ਸਿਲਟਿੰਗ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸੀਵਰ ਦੀ ਸਫਾਈ ਕਰਵਾਉਣ ਸਬੰਧੀ ਤਖਮੀਨਾ ਰੁਪਏ 24.00 ਲੱਖ ਦੀ ਪ੍ਰਵਾਨਗੀ ਨਗਰ ਨਿਗਮ ਹਾਉਸ ਨੇ ਅਪਣੇ ਮਤਾ ਨੰ: 179(103) ਮਿਤੀ 05.12.16 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਨੇ ਅਪਣੇ ਪੱਤਰ ਨੰ: 31941 ਮਿਤੀ 13.06.18 ਰਾਹੀਂ ਦੇ ਦਿੱਤੀ ਹੈ।

ਸੀਵਰੇਜ਼ ਬੋਰਡ ਨੇ ਅਪਣੇ ਪਿਠਅੰਕਨ ਨੰ: 3351 ਮਿਤੀ 17.10.17 ਰਾਹੀਂ ਨਗਰ ਨਿਗਮ ਜਲੰਧਰ ਨੂੰ ਸੂਚਿਤ ਕੀਤਾ ਹੈ ਕਿ ਸਥਾਨਕ ਸਰਕਾਰ ਦੀ ਪੱਧਰ ਤੇ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਨਾਲ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸ਼ਹਿਰ ਦੇ ਵੱਖ-ਵੱਖ ਸੀਵਰਾਂ ਦੀ ਡੀ-ਸਿਲਟਿੰਗ ਕਰਵਾਉਣ ਲਈ ਰੇਟ ਕੰਟਰੈਕਟ ਕੀਤਾ ਗਿਆ ਹੈ ।ਇਸ ਪੱਤਰ ਦੇ ਲੜੀ ਨੰ: 10 ਤੇ ਸਪਸ਼ਟ ਕੀਤਾ ਗਿਆ ਹੈ (You will be given first preference at the time of award of the job till you show inability after your capacity is exhausted)

ਸਥਾਨਕ ਸਰਕਾਰ ਦੇ ਰੇਟ ਕੰਟਰੈਕਟ ਅਨੁਸਾਰ ਇਸ ਕੰਮ ਦਾ ਸੋਧਿਆ ਤਖਮੀਨਾ ਰੁਪਏ 19,06,380/- ਦਾ ਤਿਆਰ ਕੀਤਾ ਗਿਆ ਹੈ। ਸਥਾਨਕ ਸਰਕਾਰ ਵੱਲੋਂ ਪ੍ਰਵਾਨਿਤ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਤੋ ਕਰਵਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਲੋੜੀਂਦੀ ਹੈ। ਪ੍ਰਵਾਨਗੀ ਉਪਰੰਤ ਸਥਾਨਕ ਸਰਕਾਰ ਵਲੋਂ ਪ੍ਰਵਾਨਿਤ ਰੇਟ ਕੰਟਰੈਕਟ ਦੇ ਰੇਟਾਂ ਅਤੇ ਟਰਮਜ਼ ਕੰਡੀਸ਼ਨਜ਼ ਅਨੁਸਾਰ ਵਰਕ ਆਰਡਰ ਜਾਰੀ ਕੀਤਾ ਜਾਵੇਗਾ।ਕਾਰਜਕਾਰੀ ਇੰਜੀਨਿਅਰ ਨੇ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ ।ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਅਪਣੇ ਨੋਟ ਮਿਤੀ 28/5/2019 ਰਾਂਹੀ ਤਜ਼ਵੀਜ਼ ਪ੍ਰਵਾਨ ਕਰਨ ਲਈ ਕੇਸ ਵਿੱਤ ਤੇ ਠੇਕਾ ਕਮੇਟੀ ਵਿਚ ਰੱਖਣ ਦੀ ਸਿਫ਼ਾਰਸ ਕੀਤੀ ਹੈ।ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 29/5/2019 ਰਾਂਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 29.5.2019 ਅਨੁਸਾਰ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
30.5.2019

**ਮਤਾ ਨੰਬਰ:-77**

ਵਿਸ਼ਾ:- ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮੱਦਦ ਨਾਲ ਗਲੋਬ ਕਲੋਨੀ ਤੋ ਗੋਬਿੰਦ ਨਗਰ ਬਾਲੀ ਸੀਮੇਟ ਸ਼ਾਪ ਤੱਕ ਮੇਨ ਸੀਵਰ ਦੀ ਡੀ-ਸਿਲਟਿੰਗ ਕਰਵਾਉਣ ਬਾਰੇ।

ਤਖਮੀਨਾ ਰੁਪਏ 14.00 ਲੱਖ

ਗਲੋਬ ਕਲੋਨੀ ਤੋ ਗੋਬਿੰਦ ਨਗਰ ਬਾਲੀ ਸੀਮੇਟ ਸ਼ਾਪ ਤੱਕ 24"X36" ਸੀਵਰ ਦੀ ਡੀ-ਸਿਲਟਿੰਗ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸੀਵਰ ਦੀ ਸਫਾਈ ਕਰਵਾਉਣ ਸਬੰਧੀ ਤਖਮੀਨਾ ਰੁਪਏ 14.00 ਲੱਖ ਦੀ ਪ੍ਰਵਾਨਗੀ ਨਗਰ ਨਿਗਮ ਹਾਉਸ ਨੇ ਅਪਣੇ ਮਤਾ ਨੰ: 69(31) ਮਿਤੀ 06.09.17 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਨੇ ਅਪਣੇ ਪੱਤਰ ਨੰ: 17518 ਮਿਤੀ 22.03.18 ਰਾਹੀਂ ਦੇ ਦਿੱਤੀ ਹੈ।

ਸੀਵਰੇਜ਼ ਬੋਰਡ ਨੇ ਅਪਣੇ ਪਿਠਅੰਕਨ ਨੰ: 3351 ਮਿਤੀ 17.10.17 ਰਾਹੀਂ ਨਗਰ ਨਿਗਮ ਜਲੰਧਰ ਨੂੰ ਸੂਚਿਤ ਕੀਤਾ ਹੈ ਕਿ ਸਥਾਨਕ ਸਰਕਾਰ ਦੀ ਪੱਧਰ ਤੇ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਨਾਲ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸ਼ਹਿਰ ਦੇ ਵੱਖ-ਵੱਖ ਸੀਵਰਾਂ ਦੀ ਡੀ-ਸਿਲਟਿੰਗ ਕਰਵਾਉਣ ਲਈ ਰੇਟ ਕੰਟਰੈਕਟ ਕੀਤਾ ਗਿਆ ਹੈ ।ਇਸ ਪੱਤਰ ਦੇ ਲੜੀ ਨੰ: 10 ਤੇ ਸਪਸ਼ਟ ਕੀਤਾ ਗਿਆ ਹੈ (You will be given first preference at the time of award of the job till you show inability after your capacity is exhausted)

ਸਥਾਨਕ ਸਰਕਾਰ ਦੇ ਰੇਟ ਕੰਟਰੈਕਟ ਅਨੁਸਾਰ ਇਸ ਕੰਮ ਦਾ ਸੋਧਿਆ ਤਖਮੀਨਾ ਰੁਪਏ 11,12,055/- ਲੱਖ ਦਾ ਤਿਆਰ ਕੀਤਾ ਗਿਆ ਹੈ। ਸਥਾਨਕ ਸਰਕਾਰ ਵੱਲੋਂ ਪ੍ਰਵਾਨਿਤ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਤੋ ਕਰਵਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਲੋੜੀਂਦੀ ਹੈ। ਪ੍ਰਵਾਨਗੀ ਉਪਰੰਤ ਸਥਾਨਕ ਸਰਕਾਰ ਵਲੋਂ ਪ੍ਰਵਾਨਿਤ ਰੇਟ ਕੰਟਰੈਕਟ ਦੇ ਰੇਟਾਂ ਅਤੇ ਟਰਮਜ਼ ਕੰਡੀਸ਼ਨਜ਼ ਅਨੁਸਾਰ ਵਰਕ ਆਰਡਰ ਜਾਰੀ ਕੀਤਾ ਜਾਵੇਗਾ। ਕਾਰਜਕਾਰੀ ਇੰਜੀਨਿਅਰ ਨੇ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸਿ਼ਫਾਰਸ਼ ਕੀਤੀ ਹੈ ।ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਅਪਣੇ ਨੋਟ ਮਿਤੀ 28/5/2019 ਰਾਂਹੀ ਤਜ਼ਵੀਜ਼ ਪ੍ਰਵਾਨ ਕਰਨ ਲਈ ਕੇਸ ਵਿੱਤ ਤੇ ਠੇਕਾ ਕਮੇਟੀ ਵਿਚ ਰੱਖ਼ਣ ਦੀ ਸਿਫ਼ਾਰਸ ਕੀਤੀ ਹੈ।ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 29/5/2019 ਰਾਂਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 29.5.2019 ਅਨੁਸਾਰ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
30.5.2019

ਮਤਾ ਨੰਬਰ:-78

ਵਿਸ਼ਾ:- ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮੱਦਦ ਨਾਲ ਗੋਬਿੰਦ ਨਗਰ ਤੋ ਅਮਨ ਨਗਰ ਡਿਸਪੋਜਲ ਤੱਕ ਮੇਨ ਸੀਵਰ ਦੀ ਡੀ-ਸਿਲਟਿੰਗ ਕਰਵਾਉਣ ਬਾਰੇ।

ਤਖਮੀਨਾ ਰੁਪਏ 8.46 ਲੱਖ

ਗੋਬਿੰਦ ਨਗਰ ਤੋ ਅਮਨ ਨਗਰ ਡਿਸਪੋਜਲ ਤੱਕ 24"X36" ਸੀਵਰ ਦੀ ਡੀ-ਸਿਲਟਿੰਗ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸੀਵਰ ਦੀ ਸਫਾਈ ਕਰਵਾਉਣ ਸਬੰਧੀ ਤਖਮੀਨਾ ਰੁਪਏ 8.46 ਲੱਖ ਦੀ ਪ੍ਰਵਾਨਗੀ ਨਗਰ ਨਿਗਮ ਹਾਉਸ ਨੇ ਅਪਣੇ ਮਤਾ ਨੰ: 69(32) ਮਿਤੀ 06.09.17 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਨੇ ਅਪਣੇ ਪੱਤਰ ਨੰ: 17518 ਮਿਤੀ 22.03.18 ਰਾਹੀਂ ਦੇ ਦਿੱਤੀ ਹੈ।

ਸੀਵਰੇਜ਼ ਬੋਰਡ ਨੇ ਅਪਣੇ ਪਿਠਅੰਕਨ ਨੰ: 3351 ਮਿਤੀ 17.10.17 ਰਾਹੀਂ ਨਗਰ ਨਿਗਮ ਜਲੰਧਰ ਨੂੰ ਸੂਚਿਤ ਕੀਤਾ ਹੈ ਕਿ ਸਥਾਨਕ ਸਰਕਾਰ ਦੀ ਪੱਧਰ ਤੇ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਨਾਲ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸ਼ਹਿਰ ਦੇ ਵੱਖ-ਵੱਖ ਸੀਵਰਾਂ ਦੀ ਡੀ-ਸਿਲਟਿੰਗ ਕਰਵਾਉਣ ਲਈ ਰੇਟ ਕੰਟਰੈਕਟ ਕੀਤਾ ਗਿਆ ਹੈ । ਇਸ ਪੱਤਰ ਦੇ ਲੜੀ ਨੰ: 10 ਤੇ ਸਪਸ਼ਟ ਕੀਤਾ ਗਿਆ ਹੈ (You will be given first preference at the time of award of the job till you show inability after your capacity is exhausted)

ਸਥਾਨਕ ਸਰਕਾਰ ਦੇ ਰੇਟ ਕੰਟਰੈਕਟ ਅਨੁਸਾਰ ਇਸ ਕੰਮ ਦਾ ਸੋਧਿਆ ਤਖਮੀਨਾ ਰੁਪਏ 6,71,998/- ਲੱਖ ਦਾ ਤਿਆਰ ਕੀਤਾ ਗਿਆ ਹੈ। ਸਥਾਨਕ ਸਰਕਾਰ ਵੱਲੋਂ ਪ੍ਰਵਾਨਿਤ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਤੋ ਕਰਵਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਲੋੜੀਂਦੀ ਹੈ। ਪ੍ਰਵਾਨਗੀ ਉਪਰੰਤ ਸਥਾਨਕ ਸਰਕਾਰ ਵਲੋਂ ਪ੍ਰਵਾਨਿਤ ਰੇਟ ਕੰਟਰੈਕਟ ਦੇ ਰੇਟਾਂ ਅਤੇ ਟਰਮਜ਼ ਕੰਡੀਸ਼ਨਜ਼ ਅਨੁਸਾਰ ਵਰਕ ਆਰਡਰ ਜਾਰੀ ਕੀਤਾ ਜਾਵੇਗਾ। ਕਾਰਜਕਾਰੀ ਇੰਜੀਨਿਅਰ ਨੇ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ ।ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਅਪਣੇ ਨੋਟ ਮਿਤੀ 28/5/2019 ਰਾਂਹੀ ਤਜ਼ਵੀਜ਼ ਪ੍ਰਵਾਨ ਕਰਨ ਲਈ ਕੇਸ ਵਿੱਤ ਤੇ ਠੇਕਾ ਕਮੇਟੀ ਵਿਚ ਰੱਖਣ ਦੀ ਸਿਫਾਰਸ ਕੀਤੀ ਹੈ।ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 29/5/2019 ਰਾਂਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 29.5.2019 ਅਨੁਸਾਰ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
30.5.2019

**ਮਤਾ ਨੰਬਰ:-79**

ਵਿਸ਼ਾ:- ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮੱਦਦ ਨਾਲ ਸ਼ੁਗਰਕੇਨ ਫੀਲਡਜ਼ ਸਈਪੂਰ ਟੂ ਸੋਡਲ ਮੰਦਿਰ ਤੱਕ ਮੇਨ ਸੀਵਰ ਦੀ ਡੀ-ਸਿਲਟਿੰਗ ਕਰਵਾਉਣ ਬਾਰੇ।

ਤਖਮੀਨਾ ਰੁਪਏ 23.00 ਲੱਖ

ਗੁਰੂ ਅਮਰ ਦਾਸ ਕਲੌਨੀ ਡਿਸਪੋਜਲ ਤੋ ਸਲੀਮਪੁਰ ਮੁਸਲਮਾਂ ਤੱਕ 24"X36" ਸੀਵਰ ਦੀ ਡੀ-ਸਿਲਟਿੰਗ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸੀਵਰ ਦੀ ਸਫਾਈ ਕਰਵਾਉਣ ਸਬੰਧੀ ਤਖਮੀਨਾ ਰੁਪਏ 23.00 ਲੱਖ ਦੀ ਪ੍ਰਵਾਨਗੀ ਨਗਰ ਨਿਗਮ ਹਾਉਸ ਨੇ ਅਪਣੇ ਮਤਾ ਨੰ: 179(68) ਮਿਤੀ 05.12.16 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਨੇ ਅਪਣੇ ਪੱਤਰ ਨੰ: 31941 ਮਿਤੀ 13.06.18 ਰਾਹੀਂ ਦੇ ਦਿੱਤੀ ਹੈ।

ਸੀਵਰੇਜ਼ ਬੋਰਡ ਨੇ ਅਪਣੇ ਪਿਠਅੰਕਨ ਨੰ: 3351 ਮਿਤੀ 17.10.17 ਰਾਹੀਂ ਨਗਰ ਨਿਗਮ ਜਲੰਧਰ ਨੂੰ ਸੂਚਿਤ ਕੀਤਾ ਹੈ ਕਿ ਸਥਾਨਕ ਸਰਕਾਰ ਦੀ ਪੱਧਰ ਤੇ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਨਾਲ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸ਼ਹਿਰ ਦੇ ਵੱਖ-ਵੱਖ ਸੀਵਰਾਂ ਦੀ ਡੀ-ਸਿਲਟਿੰਗ ਕਰਵਾਉਣ ਲਈ ਰੇਟ ਕੰਟਰੈਕਟ ਕੀਤਾ ਗਿਆ ਹੈ । ਇਸ ਪੱਤਰ ਦੇ ਲੜੀ ਨੰ: 10 ਤੇ ਸਪਸ਼ਟ ਕੀਤਾ ਗਿਆ ਹੈ (You will be given first preference at the time of award of the job till you show inability after your capacity is exhausted)

ਸਥਾਨਕ ਸਰਕਾਰ ਦੇ ਰੇਟ ਕੰਟਰੈਕਟ ਅਨੁਸਾਰ ਇਸ ਕੰਮ ਦਾ ਸੋਧਿਆ ਤਖਮੀਨਾ ਰੁਪਏ 18,26,950/- ਦਾ ਤਿਆਰ ਕੀਤਾ ਗਿਆ ਹੈ। ਸਥਾਨਕ ਸਰਕਾਰ ਵੱਲੋਂ ਪ੍ਰਵਾਨਿਤ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਤੋ ਕਰਵਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਲੋੜੀਂਦੀ ਹੈ। ਪ੍ਰਵਾਨਗੀ ਉਪਰੰਤ ਸਥਾਨਕ ਸਰਕਾਰ ਵਲੋਂ ਪ੍ਰਵਾਨਿਤ ਰੇਟ ਕੰਟਰੈਕਟ ਦੇ ਰੇਟਾਂ ਅਤੇ ਟਰਮਜ਼ ਕੰਡੀਸ਼ਨਜ਼ ਅਨੁਸਾਰ ਵਰਕ ਆਰਡਰ ਜਾਰੀ ਕੀਤਾ ਜਾਵੇਗਾ। ਕਾਰਜਕਾਰੀ ਇੰਜੀਨਿਅਰ ਨੇ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸਿਫ਼ਾਰਸ਼ ਕੀਤੀ ਹੈ ।ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਅਪਣੇ ਨੋਟ ਮਿਤੀ 28/5/2019 ਰਾਂਹੀ ਤਜ਼ਵੀਜ਼ ਪ੍ਰਵਾਨ ਕਰਨ ਲਈ ਕੇਸ ਵਿੱਤ ਤੇ ਠੇਕਾ ਕਮੇਟੀ ਵਿਚ ਰੱਖ਼ਣ ਦੀ ਸਿਫ਼ਾਰਸ ਕੀਤੀ ਹੈ।ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 29/5/2019 ਰਾਂਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 29.5.2019 ਅਨੁਸਾਰ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
30.5.2019